**Exam. Code : 108601**
**Subject Code : 2043**

## B.Sc. Fashion Designing 1st Semester (Batch 2021-24)

## PUNJABI (Compulsory)-I

## Paper–VII (i)

Time Allowed—3 Hours] [Maximum Marks—50

**ਨੋਟ :—** ਹਰੇਕ ਭਾਗ ਵਿੱਚੋਂ ਘੱਟੋ-ਘੱਟ **ਇੱਕ** ਪ੍ਰਸ਼ਨ ਦੀ ਚੋਣ ਕਰਦੇ ਹੋਏ, ਕੁੱਲ **ਪੰਜ** ਪ੍ਰਸ਼ਨ ਕਰੋ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

### ਭਾਗ—ੳ

1. 'ਰੱਬ' ਕਵਿਤਾ ਦਾ ਸਾਰ ਲਿਖੋ।
2. 'ਪਾਤਸ਼ਾਹ' ਕਹਾਣੀ ਦਾ ਵਿਸ਼ਾ-ਵਸਤੂ ਲਿਖੋ।

### ਭਾਗ—ਅ

3. 'ਗੁਰੂ ਕਾ ਬਾਗ਼ ਅਤੇ ਮੁਲਤਾਨ' ਦਾ ਸਾਰ ਲਿਖੋ।
4. 'ਹਵਾ ਵਿੱਚ ਗਰਜ' ਦਾ ਵਿਸ਼ਾ-ਵਸਤੂ ਲਿਖੋ।

### ਭਾਗ—ੲ

5. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ 'ਤੇ ਪੈਰ੍ਹਾ ਰਚਨਾ ਕਰੋ :

(ੳ) ਦਹੇਜ ਪ੍ਰਥਾ

(ਅ) ਬੇਰੁਜ਼ਗਾਰੀ

(ੲ) ਸਵੇਰ ਦੀ ਸੈਰ।



6. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਜੀਵਨ ਵਿੱਚ ਸਫ਼ਲਤਾ ਦੇ ਬੁਨਿਆਦੀ ਨਿਯਮਾਂ ਵਿੱਚੋਂ ਇੱਕ ਹੈ ਸਮੇਂ ਦਾ ਪਾਬੰਦ ਹੋਣਾ। ਸਮੇਂ ਦੀ ਪਾਬੰਦੀ ਦੇ ਵਿਅਕਤੀਗਤ ਲਾਭ ਵੀ ਹਨ ਅਤੇ ਸਮਾਜਿਕ ਵੀ। ਇਸ ਅਨੁਸਾਰ ਸਮੇਂ ਨੂੰ ਵਿਉਂਤਬੱਧ ਢੰਗ ਨਾਲ ਬਤੀਤ ਕੀਤਾ ਜਾਂਦਾ ਹੈ। ਕੀਤੇ ਜਾਣ ਵਾਲੇ ਕੰਮਾਂ ਨੂੰ ਕਰਨ ਵਿੱਚ ਉਲਝਣ ਨਹੀਂ ਪੈਂਦੀ। ਦੂਜੇ ਪਾਸੇ ਸਾਡੇ ਨਾਲ ਵਾਹ ਪੈਣ ਵਾਲਿਆਂ ਨੂੰ ਵੀ ਲਾਭ ਹੁੰਦਾ ਹੈ। ਉਹਨਾਂ ਨੂੰ ਬੇਲੋੜੀ ਉਡੀਕ ਨਹੀਂ ਕਰਨੀ ਪੈਂਦੀ। ਉਂਝ ਵੀ ਜਿਹੜਾ ਮਨੁੱਖ ਸਮੇਂ ਦਾ ਪਾਬੰਦ ਰਹਿੰਦਾ ਹੈ, ਉਹ ਵਧੇਰੇ ਭਰੋਸੇਯੋਗ ਹੁੰਦਾ ਹੈ। ਦੁਨੀਆਂ ਦੇ ਮਹਾਨ ਪੁਰਖ ਹਮੇਸ਼ਾ ਸਮੇਂ ਦੇ ਪਾਬੰਦ ਰਹੇ ਹਨ। ਉਨ੍ਹਾਂ ਦਾ ਹਰ ਛਿਣ ਕੀਮਤੀ ਹੁੰਦਾ ਹੈ।

**ਪ੍ਰਸ਼ਨ :**

(ੳ) ਜੀਵਨ ਦੀ ਸਫ਼ਲਤਾ ਦਾ ਬੁਨਿਆਦੀ ਨਿਯਮ ਕਿਹੜਾ ਹੈ ?

(ਅ) ਸਮੇਂ ਦਾ ਪਾਬੰਦ ਹੋਣ ਦੇ ਦੋ ਲਾਭ ਕਿਹੜੇ ਹਨ ?

(ੲ) ਪੈਰ੍ਹੇ ਵਿੱਚੋਂ ਦੋ ਨਾਂਵ ਲੱਭੋ।

(ਸ) ਲਕੀਰੇ ਸ਼ਬਦਾਂ ਦੇ ਅਰਥ ਦੱਸੋ।

(ਹ) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

### ਭਾਗ—ਸ

7. ਭਾਸ਼ਾ ਅਤੇ ਉਪਭਾਸ਼ਾ ਵਿੱਚ ਅੰਤਰ ਸਪੱਸ਼ਟ ਕਰੋ।
8. ਪੰਜਾਬੀ ਦੀਆਂ ਉਪਭਾਸ਼ਾਵਾਂ ਦੇ ਪਛਾਣ-ਚਿੰਨ੍ਹ ਉਜਾਗਰ ਕਰੋ।